6

# ਖ਼ੁਦਾ ਦਾ ਪਰਿਵਾਰ

*''ਸੋ ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪਰਮੇਸ਼ੁਰ ਦੇ ਘਰਾਣੇ ਦੇ ਹੋ'' (ਅਫ਼ਸੀਆਂ 2:19)।*

ਜੇ ਤੁਹਾਨੂੰ ਇਕ ਕਾਗਜ਼ ਤੇ ਮਨੁੱਖ ਜਾਤੀ ਲਈ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਦਸ, ਸਭ ਤੋਂ ਵੱਧ ਤਸੱਲੀ ਦੇਣ ਵਾਲੀਆਂ ਬਰਕਤਾਂ ਦੀ ਸੂਚੀ ਬਣਾਉਣ ਲਈ ਆਖਿਆ ਜਾਵੇ ਤਾਂ ਤੁਸੀਂ ਕਿਹੜੀਆਂ-ਕਿਹੜੀਆਂ ਬਰਕਤਾਂ ਦੇ ਨਾਂਅ ਲਿਖੋਗੇ? ਤੁਹਾਡੇ ਖ਼ਿਆਲ ਮੁਤਾਬਿਕ ਮਨੁੱਖਾਂ ਲਈ ਖ਼ੁਦਾ ਦੀਆਂ ਸਭ ਤੋਂ ਵਧੀਆ ਅਤੇ ਸਹਾਇਕ ਬਰਕਤਾਂ ਕਿਹੜੀਆਂ ਹਨ?

ਮੇਰਾ ਮੰਨਣਾ ਹੈ ਕਿ ਬਹੁਤ ਸਾਰੇ ਲੋਕ ਪਹਿਲਾਂ ਪਰਿਵਾਰ ਦੀ ਬਰਕਤ ਹੀ ਲਿਖਣਗੇ। ਅਦਨ ਬਾਗ਼ ਵਿਚ ਇਸਦੇ ਆਰੰਭ ਤੋਂ ਲੈਕੇ ਹੁਣੇ-ਹੁਣੇ ਕਿਸੇ ਵਿਆਹ ਦੇ ਸਮਾਰੋਹ ਤਕ ਪਰਿਵਾਰ ਦੇ ਰਾਹੀਂ ਬੇਸ਼ੁਮਾਰ ਬਰਕਤਾਂ ਅਤੇ ਰਿਸ਼ਤੇ ਮਿਲ ਚੁੱਕੇ ਹਨ। ਬਹੁਤੇ ਲੋਕ ਹੋ ਸਕਦਾ ਹੈ ਆਖਣ ਕਿ ਉਨ੍ਹਾਂ ਦੀਆਂ ਸਭ ਚੰਗੀਆਂ ਯਾਦਾਂ ਉਨ੍ਹਾਂ ਘਰਾਂ ਨਾਲ ਹੀ ਜੁੜੀਆਂ ਹਨ ਜਿਨ੍ਹਾਂ ਵਿਚ ਉਹ ਰਹਿੰਦੇ ਸਨ ਅਤੇ/ਜਾਂ ਜਿਨ੍ਹਾਂ ਵਿਚ ਇਸ ਵਕਤ ਰਹਿ ਰਹੇ ਹਨ। ਇਸ ਤੋਂ ਇਲਾਵਾ ਮੈਂ ਇਹ ਵੀ ਮੰਨਦਾ ਹਾਂ ਕਿ ਕੁਝ ਲੋਕਾਂ ਨੂੰ ਛੱਡ ਕੇ ਬਹੁਤੇ ਇਹੀ ਕਹਿਣਗੇ ਉਨ੍ਹਾਂ ਨੂੰ ਸਭ ਤੋਂ ਵੱਡੀ ਸ਼ਕਤੀ ਜਾਂ ਮਦਦ ਆਪਣੇ ਪਰਿਵਾਰ ਦੇ ਮੈਂਬਰਾਂ ਤੋਂ ਹੀ ਮਿਲਦੀ ਹੈ। ਸਚਮੁਚ ਉਸ ਸੁਰਗੀ ਪ੍ਰੇਮੀ ਪਿਤਾ ਨੇ ਮਨੁੱਖ ਜਾਤੀ ਨੂੰ ਪਰਿਵਾਰ ਦਿੱਤਾ ਹੈ, ਜਿਸ ਦੇ ਰਾਹੀਂ ਉਸਨੂੰ ਪਿਆਰ, ਹਮਦਰਦੀ ਅਤੇ ਦਲੇਰੀ ਮਿਲਦੀ ਹੈ।

ਸਾਡੀ ਜ਼ਿੰਦਗੀ ਵਿਚ ਪਰਿਵਾਰ ਦੀ ਅਹਿਮੀਅਤ ਨੂੰ ਵੇਖਦਿਆਂ ਸਾਨੂੰ ਇਸ ਗੱਲ ਨਾਲ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਪਵਿੱਤਰ ਲਿਖਤ ਵਿਚ ਨਵੇਂ ਨੇਮ ਦੀ ਕਲੀਸੀਆ ਦੇ ਸੁਭਾਅ ਨੂੰ ਵਿਖਾਉਣ ਵਿਚ ਸਾਡੀ ਮਦਦ ਲਈ ਇਸਦੀ ਵਰਤੋਂ ਇਕ ਮੂਰਤ ਦੇ ਰੂਪ ਵਿਚ ਕੀਤੀ ਗਈ ਹੈ। ਪਵਿੱਤਰ ਲਿਖਤ ਵਿਚ ''ਪਰਿਵਾਰ'' ਅਤੇ ''ਘਰਾਣਾ'' ਸ਼ਬਦ ਸਾਨੂੰ ਕਲੀਸੀਆ ਨੂੰ ਖ਼ੁਦਾ ਦੇ ਪਰਿਵਾਰ ਦੇ ਰੂਪ ਵਿਚ ਵੇਖਣ ਨੂੰ ਮਜਬੂਰ ਕਰਦੇ ਹਨ। ਮਸੀਹੀ ਬਣਨ ਤੇ ਸਾਡਾ ਜਨਮ ਖ਼ੁਦਾ ਦੇ ਰੂਹਾਨੀ ਪਰਿਵਾਰ ਯਾਨੀ ਕਲੀਸੀਆ ਵਿਚ ਹੁੰਦਾ ਹੈ (ਯੂਹੰਨਾ 3:5; ਅਫ਼ਸੀਆਂ 2:19)। ਇਸਨੂੰ ਦੂਜੇ ਸ਼ਬਦਾਂ ਵਿਚ ਆਖੀਏ, ਤਾਂ ਜਦ ਅਸੀਂ ਮਸੀਹ ਦੀ ਇੰਜੀਲ ਦੀ ਗੱਲ ਮੰਨ ਕੇ ਮਸੀਹ ਦੀ ਦੇਹ ਵਿਚ ਸ਼ਾਮਿਲ ਹੁੰਦੇ ਹਾਂ ਤਾਂ ਖ਼ੁਦਾ ਸਾਨੂੰ ਗੋਦ ਲੈ ਲੈਂਦਾ ਹੈ (ਅਫ਼ਸੀਆਂ 1:5)। ਪੌਲੁਸ ਨੇ ਗੋਦ ਲੈਣ ਦੀ ਇਸ ਗੱਲ ਨੂੰ ਆਖ਼ਰੀ ਨਤੀਜਾ, ਯਾਨੀ ਉਹ ਮੁੱਖ ਕਾਰਨ ਕਿਹਾ ਜਿਸ ਲਈ ਮਸੀਹ ਧਰਤੀ ਤੇ ਆਇਆ ਸੀ, ''ਪਰ ਜਾਂ ਸਮਾਂ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰ੍ਹਾ ਦੇ ਮਤਹਿਤ ਜੰਮਿਆ। ਇਸ ਲਈ ਜੋ ਮੁੱਲ ਦੇ ਕੇ ਉਨ੍ਹਾਂ ਨੂੰ ਜਿਹੜੇ ਸ਼ਰ੍ਹਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪ੍ਰਾਪਤ ਹੋਵੇ''(ਗਲਾਤੀਆਂ 4:4, 5)।

# ਲੋੜਾਂ

ਸਾਰੇ ਮਨੁੱਖੀ ਜੀਵਾਂ ਦੀਆਂ ਕੁਝ ਵਿਸ਼ੇਸ਼ ਲੋੜਾਂ ਹੁੰਦੀਆਂ ਹਨ ਜੋ ਸਿਰਫ਼ ਦੁਨਿਆਵੀ ਪਰਿਵਾਰ ਵਿਚ ਹੀ ਪੂਰੀਆਂ ਹੋ ਸਕਦੀਆਂ ਹਨ। ਉਹ ਲੋੜਾਂ ਕੀ ਹਨ? ਪਹਿਲੀ, ਸਾਡੇ ਵਿੱਚੋਂ ਹਰ ਕਿਸੇ ਨੂੰ *ਰਿਸ਼ਤੇ ਦੇ ਅਹਿਸਾਸ* ਦੀ ਲੋੜ ਹੁੰਦੀ ਹੈ। ਦੁਨਿਆਵੀ ਪਰਿਵਾਰ ਨਾਲ ਸਮਾਜਿਕ ਮਜ਼ਬੂਤੀ ਮਿਲਦੀ ਹੈ! ਇਹ ਸਾਨੂੰ ਇਸ ਦੁਨੀਆਂ ਵਿਚ ਇਕ ਅਰਾਮਦਾਇਕ ਹਾਲਤ ਦਿੰਦਾ ਹੈ ਜੋ ਸਾਡੀ ਤੇ ਸਿਰਫ਼ ਸਾਡੀ ਹੀ ਹੁੰਦੀ ਹੈ।

ਦੂਜੀ, ਸਾਨੂੰ *ਸੁਰੱਖਿਆ ਦਾ ਅਹਿਸਾਸ* ਯਾਨੀ ਇਸ ਯਕੀਨ ਦੀ ਲੋੜ ਹੁੰਦੀ ਹੈ ਕਿ ਮਾਨਸਿਕ, ਸਮਾਜਿਕ ਅਤੇ ਭੌਤਿਕ ਲੋੜਾਂ ਪੈਣ ਤੇ ਜਿਸ ਸਮਾਜ ਦਾ ਅਸੀਂ ਹਿੱਸਾ ਹਾਂ ਉਹ ਸਾਡੀ ਸੰਭਾਲ ਕਰੇਗਾ। ਦੁਨਿਆਵੀ ਪਰਿਵਾਰ ਸਾਨੂੰ ਇਹ ਸੁਰੱਖਿਆ ਦਿੰਦਾ ਹੈ। ਇਹ ਸਾਨੂੰ ਜ਼ਿੰਦਗੀ ਦੇ ਤੂਫ਼ਾਨਾਂ ਤੋਂ ਬਚਣ ਲਈ ਪਨਾਹ ਦਿੰਦਾ ਹੈ। ਇਸਨੇ ਸਾਨੂੰ ਉਦੋਂ ਵੀ ਆਸਰਾ ਦਿੱਤਾ ਸੀ ਜਦ ਅਸੀਂ ਛੋਟੇ ਬੱਚੇ ਸੀ, ਜਾਂ ਆਪਣੀ ਸੰਭਾਲ ਆਪ ਨਹੀਂ ਕਰ ਸਕਦੇ ਸਾਂ। ਜਦ ਅਸੀਂ ਬੀਮਾਰ ਜਾਂ ਦੁੱਖੀ ਹੁੰਦੇ ਹਾਂ ਜਾਂ ਬੁੱਢੇ ਅਤੇ ਕਮਜ਼ੋਰ ਹੋ ਕੇ ਦੂਜੇ ਬਚਪਨ ਵਿਚ ਰਹਿ ਰਹੇ ਹੁੰਦੇ ਹਾਂ ਉਦੋਂ ਵੀ ਇਹ ਸਾਡਾ ਆਸਰਾ ਬਣਦਾ ਹੈ। ਇਹ ਸਾਡੀ ਪਨਾਹ, ਆਸਰਾ ਅਤੇ ਸਾਡੀ ਹਮਾਇਤ ਦੀ ਚੱਟਾਨ ਹੈ।

ਤੀਜੀ, ਸਾਨੂੰ *ਪਛਾਣ ਦੇ ਅਹਿਸਾਸ* ਦੀ ਲੋੜ ਹੁੰਦੀ ਹੈ। ਸਾਡੇ ਅੰਦਰ ਇਹ ਜਾਣਨ ਦੀ ਇੱਛਿਆ ਹੁੰਦੀ ਹੈ ਕਿ ਅਸੀਂ ਕੌਣ ਹਾਂ ਅਤੇ ਕੀ ਹਾਂ? ਕੁਝ ਹੱਦ ਤਕ, ਸਾਡੀ ਇਹ ਇੱਛਿਆ ਇਕ ਦੁਨਿਆਵੀ ਪਰਿਵਾਰ ਵਿਚ ਮਿਲ ਜਾਂਦੀ ਹੈ।

ਚੌਥੀ, ਸਾਨੂੰ *ਮੰਜ਼ੂਰੀ ਦੇ ਅਹਿਸਾਸ* ਭਾਵ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਕਿਸੇ ਸ਼ਿੰਗਾਰ ਜਾਂ ਮਖੌਟੇ ਬਗੈਰ ਅਸੀਂ ਆਪਣੇ ਆਪ ਵਿਚ ਕੁਝ ਹੋ ਸਕਦੇ ਹਾਂ। ਦੁਨਿਆਵੀ ਪਰਿਵਾਰ ਸਾਡੇ ਨਾਲ ਇਸ ਲਈ ਪਿਆਰ ਕਰਦਾ ਹੈ ਕਿ ਅਸੀਂ ਕੀ ਹਾਂ, ਨਾ ਕਿ ਇਸ ਲਈ ਕਿ ਅਸੀਂ ਕੀ ਹੋਵਾਂਗੇ ਜਾਂ ਕੀ ਸਾਂ। ਆਪਣੇ ਦੁਨਿਆਵੀ ਪਰਿਵਾਰਾਂ ਵਿਚ ਸਾਨੂੰ ਕਬੂਲੇ ਜਾਣ ਲਈ ਕੁਝ ਕਰਨ ਦੀ ਲੋੜ ਨਹੀਂ ਹੁੰਦੀ। ਜੇ ਅਸੀਂ ਬਹੁਤ ਚੰਗਾ ਨਹੀਂ ਬਣ ਸਕਦੇ ਜਾਂ ਬਹੁਤ ਚੰਗਾ ਨਹੀਂ ਕਰ ਸਕਦੇ ਤਾਂ ਵੀ ਇਸ ਪਰਿਵਾਰ ਦੇ ਲੋਕ ਸਾਡੇ ਨਾਲ ਪਿਆਰ ਕਰਦੇ ਹਨ ਅਤੇ ਆਪਣੇ ਰਿਸ਼ਤੇਦਾਰਾਂ ਵਿਚ ਸਾਡੀ ਇਕ ਪਛਾਣ ਹੁੰਦੀ ਹੈ। ਉਨ੍ਹਾਂ ਦਾ ਪਿਆਰ ਪਾਉਣ ਲਈ ਸਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਇਹ ਬਿਨ ਮੰਗੇ ਹੀ ਮਿਲ ਜਾਂਦਾ ਹੈ।

ਮਨੁੱਖੀ ਜੀਵਾਂ ਦੀਆਂ ਰੂਹਾਨੀ ਲੋੜਾਂ ਵੀ ਹਨ ਜੋ ਦੁਨਿਆਵੀ ਪਰਿਵਾਰਾਂ ਰਾਹੀਂ ਪੂਰੀਆਂ ਕੀਤੀਆਂ ਜਾਣ ਵਾਲੀਆਂ ਭਾਵਨਾਤਮਕ, ਸਮਾਜਿਕ ਅਤੇ ਭੌਤਿਕ ਲੋੜਾਂ ਵਾਂਗ ਹੀ ਹਨ। ਕੁਝ ਲੋਕ ਇਨ੍ਹਾਂ ਰੂਹਾਨੀ ਲੋੜਾਂ ਨੂੰ ਆਪਣੇ ਅੰਦਰ ਮਹਿਸੂਸ ਕਰਦੇ ਹਨ ਜਦ ਹੋਰਨਾਂ ਨੂੰ ਇਨ੍ਹਾਂ ਦਾ ਅਹਿਸਾਸ ਨਹੀਂ ਹੁੰਦਾ। ਅਸੀਂ ਇਨ੍ਹਾਂ ਨੂੰ ਪਛਾਣੀਏ ਜਾਂ ਨਾ, ਉਹ ਹੁੰਦੀਆਂ ਹਨ ਅਤੇ ਇਸ ਦੁਨੀਆਂ ਵਿਚ ਸੱਚੀ ਖੁਸ਼ੀ ਪਾਉਣ ਲਈ ਉਨ੍ਹਾਂ ਨੂੰ ਪੂਰਾ ਕੀਤਾ ਜਾਣਾ ਜ਼ਰੂਰੀ ਹੈ। ਇਨਸਾਨੀ ਸ਼ਖ਼ਸੀਅਤਾਂ ਤੇ ਰੂਹ ਦੀ ਰੂਹਾਨੀ ਹਾਲਤ ਵੀ ਹੈ। ਇਨ੍ਹਾਂ ਖੂਬੀਆਂ ਦੀ ਅਣਦੇਖੀ ਕਰਕੇ ਸਾਨੂੰ ਇਕ ਤਰ੍ਹਾਂ ਦੀ ਸਮਾਜਿਕ ਅਤੇ ਦੁਨਿਆਵੀ ਖੁਸ਼ੀ ਤਾਂ ਮਿਲ ਸਕਦੀ ਹੈ। ਪਰ ਖ਼ੁਦਾ ਵੱਲੋਂ ਦਿੱਤੀ ਜਾਣ ਵਾਲੀ ਰੂਹਾਨੀ ਖ਼ੁਸ਼ੀ ਅਤੇ ਭਰਪੂਰੀ ਨਹੀਂ।

ਜੇ ਮੈਂ ਮੱਕੜੀ ਦੇ ਜਾਲੇ ਨੂੰ ਲਾਹ ਕੇ ਸੋਚਾਂ ਕਿ ਕਮਰਾ ਸਾਫ਼ ਹੋ ਗਿਆ ਤਾਂ ਭਲਾ ਉਹ ਸਚਮੁਚ ਸਾਫ਼ ਹੋ ਜਾਵੇਗਾ? ਇੰਜ ਭਲਾ ਮੈਂ ਮੱਕੜੀ ਦੇ ਜਾਲਿਆਂ ਨੂੰ ਬਾਰ-ਬਾਰ ਸਾਫ਼ ਨਹੀਂ ਕਰਦਾ ਰਹਾਂਗਾ? ਮੱਕੜੀ ਜਾਲੇ ਬੁਣਦੀ ਹੈ ਅਤੇ ਜਦ ਤਕ ਉਹ ਮੇਰੇ ਕਮਰੇ ਵਿਚ ਰਹੇਗੀ, ਜਾਲੇ ਬੁਣਦੀ ਹੀ ਰਹੇਗੀ।

ਜੇ ਮੈਂ ਬਾਥਰੂਮ ਦੇ ਫ਼ਰਸ਼ ਤੇ ਪਾਣੀ ਡਿੱਗਿਆ ਵੇਖਾਂ ਤਾਂ ਕੀ ਹੋਵੇਗਾ? ਜੇ ਮੈਂ ਸਿਰਫ਼ ਝਾੜੂ ਮਾਰ ਕੇ ਪਾਣੀ ਕੱਢ ਦਿਆਂ ਤਾਂ ਮੈਂ ਕਿੰਨਾ ਕਾਮਯਾਬ ਹੋ ਸਕਾਂਗਾ? ਪਾਣੀ ਤਾਂ ਕਿਤੇ ਹੋਰ ਥਾਂ ਤੋਂ ਆ ਰਿਹਾ

ਹੋਵੇਗਾ ਅਤੇ ਜਦ ਤਕ ਮੈਂ ਇਹ ਨਾ ਵੇਖਾਂ ਕਿ ਪਾਣੀ ਕਿੱਥੋਂ ਆ ਰਿਹਾ ਹੈ ਅਤੇ ਉਸਨੂੰ ਬੰਦ ਨਾ ਕਰਾਂ ਤਦ ਤਕ ਮੈਨੂੰ ਬਾਥਰੂਮ ਦੇ ਫ਼ਰਸ਼ ਤੋਂ ਪਾਣੀ ਕੱਢਣ ਲਈ ਝਾੜੂ ਮਾਰਦੇ ਹੀ ਰਹਿਣਾ ਪਏਗਾ।

ਰੂਹਾਨੀ ਲੋੜਾਂ ਜਿਨ੍ਹਾਂ ਦੀ ਦੀ ਲੋੜ ਹਰ ਮਨੁੱਖੀ ਜੀਵ ਨੂੰ ਹੁੰਦੀ ਹੈ ਖਤਮ ਨਹੀਂ ਹੁੰਦੀਆਂ। ਉਨ੍ਹਾਂ ਨੂੰ ਇਹ ਕਹਿ ਕੇ ਪੂਰਾ ਨਹੀਂ ਕੀਤਾ ਜਾ ਸਕਦਾ ਕਿ ਉਹ ਹੈ ਹੀ ਨਹੀਂ। ਸਾਡੇ ਲਈ ਆਮ ਜਿਸਮਾਨੀ ਖੁਸ਼ੀ ਨੂੰ ਮਾਣਨ ਦਾ ਅਰਥ ਰੂਹਾਨੀ ਆਨੰਦ ਹੈ, ਇਹ ਰੂਹਾਨੀ ਅਤੇ ਰੂਹਾਨੀ ਲੋੜਾਂ ਪੂਰੀਆਂ ਕੀਤੀਆਂ ਜਾਣੀਆਂ ਜ਼ਰੂਰੀ ਹਨ।

## ਲੋੜਾਂ ਪੂਰੀਆਂ ਹੋਈਆਂ

ਸਾਡੀਆਂ ਰੂਹਾਨੀ ਲੋੜਾਂ ਪਰਿਵਾਰ ਦੀ ਇਕ ਦੂਸਰੀ ਇਕਾਈ ਅਰਥਾਤ ਖ਼ੁਦਾ ਦੇ ਪਰਿਵਾਰ ਰਾਹੀਂ ਪੂਰੀਆਂ ਕੀਤੀ ਜਾਂਦੀਆਂ ਹਨ। ਇਸ ਰੂਹਾਨੀ ਪਰਿਵਾਰ ਵਿਚ ਖ਼ੁਦਾ ਪਿਤਾ ਹੈ। (1 ਯੂਹੰਨਾ 3:1), ਮਸੀਹੀ ਲੋਕ ਭਰਾ ਅਤੇ ਭੈਣਾਂ ਹਨ (1 ਯੂਹੰਨਾ 5:1) ਅਤੇ ਯਿਸੂ ਵੱਡਾ ਭਰਾ ਹੈ (ਰੋਮੀਆਂ 8:17)। ਪੌਲੁਸ ਨੇ ਇਸ ਸੁਰਗੀ ਪਰਿਵਾਰ ਨੂੰ ''ਕਲੀਸੀਆ'' ਆਖਿਆ ਹੈ। ਉਸਨੇ ਤਿਮੋਥਿਉਸ ਨੂੰ ਕਿਹਾ, ''ਮੈਨੂੰ ਤੇਰੇ ਕੋਲ ਛੇਤੀ ਆਉਣ ਦੀ ਆਸ ਹੈ ਮੈਂ ਤੈਨੂੰ ਏਹ ਗੱਲਾਂ ਲਿਖਦਾ ਹਾਂ। ਭਈ ਜੇ ਮੈਨੂੰ ਕੁਝ ਚਿਰ ਲੱਗ ਜਾਵੇ ਤਾਂ ਤੂੰ ਜਾਣ ਲਵੇਂ ਜੋ ਪਰਮੇਸ਼ੁਰ ਦੇ *ਘਰ* ਵਿਚ ਜਿਹੜਾ *ਜਿਉਂਦੇ ਪਰਮੇਸ਼ੁਰ ਦੀ ਕਲੀਸੀਆ* ਅਤੇ ਸਚਿਆਈ ਦਾ ਥੰਮ੍ਹ ਅਤੇ ਨੀਂਹ ਹੈ ਕਿਸ ਪ੍ਰਕਾਰ ਵਰਤਣਾ ਚਾਹੀਦਾ ਹੈ'' (1 ਤਿਮੋਥਿਉਸ 3:14, 15)।

ਨਵੇਂ ਨੇਮ ਦੀ ਕਲੀਸੀਆ ਵਿਚ ਮਸੀਹੀ ਵਿਅਕਤੀ ਨੂੰ *ਰੂਹਾਨੀ ਸਬੰਧਾਂ ਦਾ ਅਹਿਸਾਸ ਹੁੰਦਾ* ਹੈ। ਉਹ ਸੁਰਗੀ ਪਿਤਾ ਅੱਗੇ ਦੁਆ ਕਰ ਸਕਦਾ ਹੈ। ਉਸਦੇ ਨਾਲ ਚੱਲ ਸਕਦਾ ਹੈ ਅਤੇ ਉਹਦੇ ਲਈ ਜ਼ਿੰਦਾ ਰਹਿ ਸਕਦਾ ਹੈ। ਉਹਦਾ ਇਕ ਵੱਡਾ ਭਰਾ ਹੈ ਜਿਸ ਦੇ ਰਾਹੀਂ ਉਹ ਦੁਆ ਕਰਦਾ ਹੈ, ਉਸ ਕੋਲੋਂ ਸਿੱਖਦਾ ਅਤੇ ਉਸ ਤੇ ਨਿਰਭਰ ਰਹਿੰਦਾ ਹੈ। ਉਹ ਵਿਸ਼ਵਾਸੀਆਂ ਦੇ ਇਕ ਝੁੰਡ ਭਾਵ ਭਾਈਆਂ ਅਤੇ ਭੈਣਾਂ ਦੇ ਰੂਪ ਵਿਚ ਇਕ ਦੂਜੇ ਨਾਲ ਪਿਆਰ ਕਰਦੇ ਹਨ ਇਕੱਠੇ ਕੰਮ ਕਰਦੇ ਹਨ, ਜ਼ਿੰਦਗੀ ਕੱਟਦੇ ਹਨ ਅਤੇ ਖ਼ੁਦਾ ਦੀ ਵਡਿਆਈ ਲਈ ਮਿਲ ਕੇ ਸੰਗਠਨ ਦੇ ਤੌਰ ਤੇ ਨਹੀਂ ਬਲਕਿ ਰੂਹਾਨੀ ਪਰਿਵਾਰ ਦੇ ਰੂਪ ਵਿਚ ਕੰਮ ਕਰਦੇ ਹਨ।

ਖ਼ੁਦਾ ਦੇ ਪਰਿਵਾਰ ਵਿਚ, ਸਾਨੂੰ *ਰੂਹਾਨੀ ਸੁਰੱਖਿਆ* ਦਾ ਅਹਿਸਾਸ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡਾ ਸੁਰਗੀ ਪਿਤਾ ਸਾਨੂੰ ਪਿਆਰ ਕਰਦਾ ਹੈ ਅਤੇ ਉਹ ਸਾਡੀਆਂ ਲੋੜੀਦੀਆਂ ਵਸਤਾਂ ਸਾਨੂੰ ਦੇਵੇਗਾ। ਉਹ ਸਾਡੀਆਂ ਦੁਨਿਆਵੀ ਲੋੜਾਂ ਨੂੰ ਵੀ ਪੂਰੀਆਂ ਕਰਦਾ ਹੈ। ਇਸ ਖਿਆਲ ਨਾਲ ਕਿ ਉਹਦੇ ਪਿੱਛੇ ਚੱਲਣ ਵਾਲੇ ਕਿਸੇ ਤਰ੍ਹਾਂ ਦੀ ਫ਼ਿਕਰ ਨਾ ਕਰਨ, ਯਿਸੂ ਨੇ ਸਾਨੂੰ ਇਹ ਯਾਦ ਰੱਖਣ ਲਈ ਆਖਿਆ ਹੈ ਕਿ ਸਾਡਾ ਪਿਤਾ ਸਾਡੀਆਂ ਰੂਹਾਨੀ ਲੋੜਾਂ ਨੂੰ ਜਾਣਦਾ ਹੈ ਅਤੇ ਉਹ ਸਾਨੂੰ ਸੰਭਾਲੇ: ''ਸੋ ਤੁਸੀਂ ਚਿੰਤਾ ਕਰ ਕੇ ਇਹ ਨਾ ਕਹੋ ਭਈ ਕੀ ਖਾਵਾਂਗੇ? ਯਾ ਕੀ ਪੀਵਾਂਗੇ? ਯਾ ਕੀ ਪਹਿਨਾਂਗੇ? ਪਰਾਈਆਂ ਕੌਮਾਂ ਦੇ ਲੋਕ ਤਾਂ ਇਨ੍ਹਾਂ ਸਭਨਾਂ ਵਸਤਾਂ ਨੂੰ ਭਾਲਦੇ ਹਨ, ਕਿਉਂਕਿ ਜੋ ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤੁਹਾਨੂੰ ਇਨ੍ਹਾਂ ਸਭਨਾਂ ਵਸਤਾਂ ਦੀ ਲੋੜ ਹੈ'' (ਮੱਤੀ 6:31, 32)। ਇਸੇ ਤਰ੍ਹਾਂ ਸਾਡਾ ਪਿਤਾ ਸਾਡੀਆਂ ਰੂਹਾਨੀ ਲੋੜਾਂ ਨੂੰ ਵੀ ਪੂਰਾ ਕਰਦਾ ਹੈ। ਯਹੂਦਾ ਨੇ ਸਾਨੂੰ ਇਸ ਸੁਰਗੀ ਸੰਭਾਲ ਨੂੰ ਉਸ ਆਇਤ ਵਿਚ ਯਾਦ ਕਰਾਇਆ ਜਿਸ ਨਾਲ ਉਸਨੇ ਖ਼ੁਦਾ ਬਾਪ ਨੂੰ ਇਸ ਤਰ੍ਹਾ ਵਿਖਾਇਆ, ''ਹੁਣ ਜਿਹੜਾ ਸਮਰੱਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ ਬਚਾ ਸਕਦਾ ਅਤੇ ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ ਅਨੰਦ ਸਹਿਤ ਨਿਰਮਲ ਖੜ੍ਹਾ ਕਰ ਸਕਦਾ ਹੈ'' (ਯਹੂਦਾ 24)।

ਖ਼ੁਦਾ ਦੇ ਪਰਿਵਾਰ ਭਾਵ ਕਲੀਸੀਆ ਵਿਚ *ਰੂਹਾਨੀ ਪਛਾਣ ਦੇ ਅਹਿਸਾਸ* ਦੀ ਸਾਡੀ ਲੋੜ ਵੀ ਪੂਰੀ ਹੋ ਜਾਂਦੀ ਹੈ। ਤੌਬਾ ਤੋਂ ਪਹਿਲਾਂ ਅਸੀਂ ਉਦੇਸ਼ ਜਾਂ ਦਿਸ਼ਾ ਰਹਿਤ ਇੱਧਰ-ਓਧਰ ਭਟਕਦੇ ਸਾਂ,

ਪਰ ਖ਼ੁਦਾ ਦੇ ਪਰਿਵਾਰ ਵਿਚ ਜਨਮ ਲੈ ਕੇ ਅਸੀਂ ਖ਼ੁਦਾ ਦੀ ਆਪਣੀ ਦੌਲਤ ਬਣ ਗਏ ਹਾਂ! ਇਸ ਬਦਲਾਅ ਨੂੰ ਪਤਰਸ ਨੇ ਇਸ ਤਰ੍ਹਾਂ ਲਿਖਿਆ ਹੈ:

> ਪਰ ਤੁਸੀਂ ਚੁਣਿਆ ਹੋਇਆ ਵੰਸ, ਯਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹਦਿਆਂ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ। ਤੁਸੀਂ ਤਾਂ ਅੱਗੇ ਪਰਜਾ ਹੀ ਨਾ ਸਾਓ ਪਰ ਹੁਣ ਪਰਮੇਸ਼ੁਰ ਦੀ ਪਰਜਾ ਹੋ ਗਏ ਹੋ। ਤੁਸਾਂ ਉੱਤੇ ਰਹਿਮ ਨਾ ਹੋਇਆ ਸੀ ਪਰ ਹੁਣ ਰਹਿਮ ਹੋਇਆ ਹੈ (1 ਪਤਰਸ 2:9, 10)।

ਪੌਲੁਸ ਨੇ ਤਾਂ ਖ਼ੁਦਾ ਦੇ ਪਰਿਵਾਰ ਨੂੰ ਖ਼ੁਦਾ ਦੀ ਮਿਰਾਸ ਤਕ ਆਖਿਆ ਹੈ (ਅਫ਼ਸੀਆਂ 1:18)। ਖ਼ੁਦਾ ਦੇ ਪਰਿਵਾਰ ਦੇ ਜੀਆਂ ਦੇ ਰੂਪ ਵਿਚ, ਮਸੀਹੀ ਲੋਕਾਂ ਨੂੰ ਅਨੰਤ ਮੀਰਾਸ ਭਾਵ ਸੁਰਗ ਮਿਲਦਾ ਹੈ, ਖ਼ੁਦਾ ਨੂੰ ਵੀ ਮੀਰਾਸ ਯਾਨੀ ਮਸੀਹੀ ਲੋਕ ਮਿਲਦੇ ਹਨ!

ਇਵੇਂ ਹੀ ਖ਼ੁਦਾ ਦਾ ਪਰਿਵਾਰ ਸਾਡੇ ਲਈ *ਰੂਹਾਨੀ ਮੰਜ਼ੂਰੀ ਦਾ ਅਹਿਸਾਸ* ਕਰਵਾਉਂਦਾ ਹੈ। ਖ਼ੁਦਾ ਦੇ ਸਾਹਮਣੇ ਈਮਾਨ ਨਾਲ ਹੁਕਮ ਮੰਨ ਕੇ ਆਉਣ ਅਤੇ ਭਰੋਸੇ ਤੇ ਗੰਭੀਰਤਾ ਨਾਲ ਹੁਕਮ ਮੰਨ ਕੇ ਜੀਉਂਦੇ ਰਹਿਣ ਤੇ ਸਾਨੂੰ ਉਸਦੀ ਔਲਾਦ ਦੇ ਰੂਪ ਵਿਚ ਕਬੂਲ ਕੀਤਾ ਜਾਂਦਾ ਹੈ। ਉਹ ਸਾਨੂੰ ਆਪਣਾ ਖ਼ਾਸ ਪਿਆਰ ਵਿਖਾਉਂਦਾ ਹੈ ਅਤੇ ਸਾਡੇ ਮਨਾਂ ਵਿਚ ਰੂਹ ਪਾਉਂਦਾ ਹੈ, ਜਿਸ ਸਬੱਬ ਅਸੀਂ ਉਸ ਨੂੰ ''ਹੇ ਅੱਬਾ, ਹੇ ਪਿਤਾ'' ਕਹਿ ਕੇ ਪੁਕਾਰਦੇ ਹਾਂ (ਗਲਾਤੀਆਂ 4:6)। ਮਸੀਹ ਵਿਚ ਅਸੀਂ ਪੌਲੁਸ ਦੇ ਨਾਲ ਕਹਿ ਸਕਦੇ ਹਾਂ, ''ਸੋ ਹੁਣ ਉਨ੍ਹਾਂ ਲਈ ਜਿਹੜੇ ਮਸੀਹ ਯਿਸੂ ਵਿਚ ਹਨ ਸਜ਼ਾ ਦਾ ਹੁਕਮ ਨਹੀਂ ਹੈ ਕਿਉਂਕਿ ਜ਼ਿੰਦਗੀ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ'' (ਰੋਮੀਆਂ 8:1, 2)। ਇਹਦਾ ਮਤਲਬ ਇਹ ਨਹੀਂ ਹੈ ਕਿ ਹੁਣ ਤੌਬਾ ਜਾਂ ਤਰੱਕੀ ਦੀ ਉਮੀਦ ਨਹੀਂ ਹੈ ਸਗੋਂ ਇਸਦਾ ਮਤਲਬ ਹੈ ਹੁਣ ਅਸੀਂ ਜਿਹੋ ਜਿਹੇ ਵੀ ਹਾਂ ਉਹ ਸਾਨੂੰ ਕਬੂਲ ਕਰ ਲੈਂਦਾ ਹੈ ਅਤੇ ਜੋ ਕੁਝ ਸਾਨੂੰ ਬਣਨਾ ਚਾਹੀਦਾ ਹੈ ਉਹ ਬਣਨ ਵਿਚ ਪਿਆਰ ਨਾਲ ਸਾਡੀ ਅਗਵਾਈ ਕਰਦਾ ਹੈ। ਕਿਸੇ ਨੇ ਕਿਹਾ ਹੈ, ''ਅਸੀਂ ਜਿੱਦਾਂ ਦੇ ਵੀ ਹਾਂ ਉਹ ਸਾਡੇ ਨਾਲ ਪਿਆਰ ਕਰਦਾ ਹੈ ਪਰ ਉਹ ਸਾਡੇ ਨਾਲ ਐਨਾ ਪਿਆਰ ਕਰਦਾ ਹੈ ਕਿ ਸਾਨੂੰ ਓਦਾਂ ਦੇ ਨਹੀਂ ਰਹਿਣ ਦਿੰਦਾ ਜਿੱਦਾਂ ਦੇ ਅਸੀਂ ਹਾਂ।''

ਕਈ ਸਾਲ ਪਹਿਲਾਂ ਲੰਦਨ ਇੰਗਲੈਂਡ ਵਿਚ ਇਕ ਵਿਆਹੁਤਾ ਮੁਟਿਆਰ ਨੂੰ ਮਸੀਹ ਵਿਚ ਲਿਆਉਣ ਦੀ ਆਪਣੀ ਕੋਸ਼ਿਸ਼ ਮੈਨੂੰ ਅੱਜ ਵੀ ਯਾਦ ਹੈ। ਉਹ ਇਕ ਖ਼ੂਬਸੂਰਤ ਜਵਾਨ ਮਾਂ ਸੀ ਜਿਸਦਾ ਇਕ ਬੱਚਾ ਸੀ। ਵਿਆਹ ਦੇ ਕੁਝ ਮਹੀਨੇ ਬਾਦ ਉਹਦੇ ਪਤੀ ਨੇ ਉਸਨੂੰ ਛੱਡ ਦਿੱਤਾ ਸੀ ਅਤੇ ਹੁਣ ਉਹ ਆਪਣੇ ਬੱਚੇ ਨੂੰ ਪਾਲਣ ਦੀ ਕੋਸ਼ਿਸ਼ ਕਰ ਰਹੀ ਸੀ। ਜ਼ਾਹਿਰ ਹੈ ਕਿ ਬਚਪਨ ਵਿਚ ਉਸਨੂੰ ਘਰੇਲੂ ਜ਼ਿੰਦਗੀ ਵਿਚ ਕਈ ਔਕੜਾ ਦਾ ਸਾਹਮਣਾ ਕਰਨਾ ਪਿਆ ਸੀ। ਗੱਲਬਾਤ ਕਰਦਿਆਂ, ਮੈਂ ਉਸਨੂੰ ਕਿਹਾ, ''ਮਸੀਹ ਦੇ ਰਾਹੀਂ ਤੁਹਾਡਾ ਛੁਟਕਾਰਾ ਹੋ ਸਕਦਾ ਹੈ ਅਤੇ ਤੁਹਾਨੂੰ ਇਕ ਖ਼ੂਬਸੂਰਤ ਘਰ ਮਿਲ ਸਕਦਾ ਹੈ।'' ਮੇਰੀ ਇਸ ਗੱਲ ਨਾਲ ਉਹਨੂੰ ਜ਼ਰਾ ਵੀ ਅਸਰ ਨਾ ਹੋਇਆ। ਮੈਂ ਹੈਰਾਨ ਸਾਂ ਕਿ ਕੀ ਗੱਲ ਹੈ ਅਤੇ ਫਿਰ ਸਮਝ ਆਇਆ ਕਿ ਉਸ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਖ਼ੂਬਸੂਰਤ ਘਰ ਕਿਹੋ ਜਿਹਾ ਹੁੰਦਾ ਹੈ। ਉਸਨੇ ਕਦੀ ਦਿਲਕਸ਼ ਅਤੇ ਸੋਹਣਾ ਦਿਸਣ ਵਾਲਾ ਘਰ ਵੇਖਿਆ ਹੀ ਨਹੀਂ ਸੀ। ਉਸਦੇ ਤਜਰਬੇ ਵਿਚ ਹਮਾਇਤ, ਉਤਸ਼ਾਹਿਤ ਕਰਨਾ ਅਤੇ ਪ੍ਰੇਮ ਕਰਨ ਨੂੰ ਛੱਡ ਦੂਸਰੀਆਂ ਗੱਲਾਂ ਵਿਚ ਘਰ ਦੀ ਕਲਪਨਾ ਸੀ। ਉਹਦੇ ਲਈ ਸੁੰਦਰ ਘਰ ਦੀ ਗੱਲ ਸਮਝਣਾ ਬਹੁਤ ਮੁਸ਼ਕਲ ਸੀ। ਪਰ ਜਿਸਨੇ ਕਦੀ ਅਜਿਹਾ ਘਰ ਵੇਖਿਆ ਹੋਵੇ, ਜਿਸ ਵਿਚ ਆਮ ਭੌਤਿਕ, ਭਾਵਨਾਤਮਕ ਅਤੇ ਰੂਹਾਨੀ ਲੋੜਾਂ ਉਹਦੇ ਮੈਂਬਰਾਂ ਵੱਲੋਂ ਪੂਰੀਆਂ ਕੀਤੀਆਂ ਜਾਂਦੀਆਂ ਹੋਣ ਉਸਨੂੰ ਪਤਾ ਹੁੰਦਾ ਹੈ ਕਿ ਮਸੀਹ ਦੀ ਅਗਵਾਈ ਵਿਚ

ਬਣਿਆ ਘਰ ਕਿੰਨਾ ਸੋਹਣਾ ਹੋ ਸਕਦਾ ਹੈ।

ਇਸ ਲੜਕੀ ਵਾਂਗ ਬਹੁਤ ਸਾਰੇ ਲੋਕ ਇਹ ਨਹੀਂ ਵੇਖ ਸਕਦੇ ਹਨ ਕਿ ਕਲੀਸੀਆ ਸਾਡੀਆਂ ਲੋੜਾਂ ਕਿਵੇਂ ਪੂਰੀਆਂ ਕਰਦੀ ਹੈ, ਕਿਉਂਕਿ ਉਹ ਨਵੇਂ ਨੇਮ ਦੀ ਸੱਚੀ ਕਲੀਸੀਆ ਦੇ ਕਦੀ ਨੇੜੇ ਆਏ ਹੀ ਨਹੀਂ। ਉਨ੍ਹਾਂ ਕਲੀਸੀਆ ਨੂੰ ਖ਼ੁਦਾ ਦੇ ਰੂਹਾਨੀ ਪਰਿਵਾਰ ਦੇ ਰੂਪ, ਵਿਚ ਵੇਖਿਆ ਹੀ ਨਹੀਂ। ਇਸ ਲਈ ਉਨ੍ਹਾਂ ਲਈ ਇਸ ਗੱਲ ਦੀ ਜੋ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਮਸੀਹ ਦੀ ਕਲੀਸੀਆ ਤੋਂ ਦੂਰ ਰਹੇ ਹਨ, ਕਲਪਨਾ ਕਰਨਾ ਮੁਸ਼ਕਲ ਹੈ। ਮਸੀਹੀ ਲੋਕਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਕਲੀਸੀਆ ਦੀ ਰੂਹਾਨੀ ਹਾਲਤ ਵੱਲ ਲੋਕਾਂ ਨੂੰ ਧਿਆਨ ਦਵਾਉਂਦੇ ਰਹਿਣ ਅਤੇ ਇਹ ਉਹ ਕਿ ਖ਼ੁਦਾ ਦੇ ਪਰਿਵਾਰ ਦੇ ਰੂਪ ਵਿਚ ਸੱਚੀ ਕਲੀਸੀਆ ਵਿਚ ਸਾਡੀਆਂ ਜ਼ਿੰਦਗੀਆਂ ਦੇ ਰੂਹਾਨੀ ਪਹਿਲੂਆਂ ਦਾ ਜਵਾਬ ਕਿਵੇਂ ਮਿਲਦਾ ਹੈ।

ਸਿਰਫ਼ ਖ਼ੁਦਾ ਦੇ ਪਰਿਵਾਰ ਦੇ ਰਾਹੀਂ ਹੀ ਸਾਨੂੰ ਅਮਨ, ਸੁਰੱਖਿਆ, ਉਦੇਸ਼ ਅਤੇ ਪਛਾਣ ਮਿਲ ਸਕਦੀ ਹੈ ਜਿਸਦੀ ਸਾਡੇ ਵਿਚਲੇ ਵਜੂਦ ਨੂੰ ਲੋੜ ਹੈ। ਇਸ ਪਰਿਵਾਰ ਯਾਨੀ ਕਲੀਸੀਆ ਤੋਂ ਬਾਹਰ ਰਹਿ ਕੇ ਸੱਚੀ ਖ਼ੁਸ਼ੀ ਹਾਸਲ ਨਹੀਂ ਕੀਤੀ ਜਾ ਸਕਦੀ।

## ਲੋੜਾਂ ਬੜੇ ਵਧੀਆ ਢੰਗ ਨਾਲ ਪੂਰੀਆਂ ਹੁੰਦੀਆਂ ਹਨ

ਕਲੀਸੀਆ ਨੂੰ ਖ਼ੁਦਾ ਦੇ ਪਰਿਵਾਰ ਦੇ ਰੂਪ ਵਿਚ ਵੇਖਣ ਲਈ ਅਸੀਂ ਲੂਕਾ ਵੱਲੋਂ ਬਣਾਈ ਯਰੂਸ਼ਲਮ ਦੀ ਕਲੀਸੀਆ ਦੀ ਤਸਵੀਰ ਤੇ ਧਿਆਨ ਦਿੰਦੇ ਹਾਂ। ਉਸ ਵੱਲੋਂ ਬਣਾਈ ਤਸਵੀਰ ਵਿਚ ਸ਼ੁਰੂ ਦੇ ਮਸੀਹੀਆਂ ਦੇ ਰੋਜ਼ਾਨਾ ਜ਼ਿੰਦਗੀ ਵਿਚ ਖ਼ੁਦਾ ਦੇ ਪਰਿਵਾਰ ਦੀਆਂ ਸੁੰਦਰ ਖ਼ੂਬੀਆਂ ਨੂੰ ਵਿਖਾਇਆ ਗਿਆ ਹੈ:

> ਅਤੇ ਓਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿਚ ਲੱਗੇ ਰਹੇ।
>
> ... ਅਰ ਜਿਨ੍ਹਾਂ ਨੇ ਨਿਹਚਾ ਕੀਤੀ ਸੀ ਓਹ ਸਭ ਇਕੱਠੇ ਸਨ ਅਤੇ ਸਾਰੀਆਂ ਵਸਤਾਂ ਵਿਚ ਭਾਈਵਾਲ ਸਨ ਅਤੇ ਆਪਣੀ ਮਿਲਖ ਅਰ ਮਾਲ ਵੇਚ ਕੇ ਜਿਹੀ ਕਿਸੇ ਨੂੰ ਲੋੜ ਹੁੰਦੀ ਸੀ ਸਭਨਾਂ ਨੂੰ ਵੰਡ ਦਿੰਦੇ ਸਨ। ਅਰ ਦਿਨੋ ਦਿਨ ਇਕ ਮਨ ਹੋ ਕੇ ਹੈਕਲ ਵਿਚ ਲਗਾਤਾਰ ਰਹਿੰਦੇ ਅਤੇ ਘਰੀਂ ਰੋਟੀ ਤੋੜਦੇ ਓਹ ਖੁਸ਼ੀ ਅਤੇ ਸਿੱਧੇ ਮਨ ਨਾਲ ਭੋਜਨ ਛੱਕਦੇ ਸਨ ਅਤੇ ਪਰਮੇਸ਼ੁਰ ਦੀ ਉਸਤਤ ਕਰਦੇ ਸਨ ਅਰ ਸਾਰਿਆਂ ਲੋਕਾਂ ਨੂੰ ਪਿਆਰੇ ਸਨ ਅਤੇ ਪ੍ਰਭੂ ਦਿਨੋ ਦਿਨ ਉਨ੍ਹਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ ਵਿਚ ਰਲਾਉਂਦਾ ਸੀ (ਰਸੂਲਾਂ ਦੇ ਕੰਮ 2:42-47)।

ਹਰ ਮਸੀਹੀ ਨੂੰ ਆਪਣੇ ਸਬੰਧ ਦਾ ਅਹਿਸਾਸ ਸੀ ਕਿਉਂਕਿ, ''ਉਹ ਸਭ ਇਕੱਠੇ ਸਨ ਅਤੇ ਸਾਰੀਆਂ ਵਸਤਾਂ ਵਿਚ ਭਾਈਵਾਲ ਸਨ'' (ਰਸੂਲਾਂ ਦੇ ਕੰਮ 2:44)। ਹਰ ਮੈਂਬਰ ਦੀ ਆਪਣੀ ਇਕ ਪਛਾਣ ਸੀ ਕਿਉਂਕਿ ਕੋਈ ਵੀ ਆਪਣੇ ਆਪ ਨੂੰ ਇਕ ਦੂਜੇ ਤੋਂ ਵੱਡਾ ਨਹੀਂ ਮੰਨਦਾ ਸੀ ਅਤੇ ਸਾਰੀ ਕਲੀਸੀਆ ਪੀੜਿਤ ਮੈਂਬਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਅੱਗੇ ਆ ਜਾਂਦੀ ਸੀ। ਹਰ ਇਕ ਮੈਂਬਰ ਦੀ ਸੁਣੀ ਜਾਂਦੀ ਸੀ। ਹਰ-ਰੋਜ਼ ਲੋਕ ਪ੍ਰਭੂ ਦੇ ਸਰੀਰ ਵਿਚ ਮਿਲਾਏ ਜਾ ਰਹੇ ਸਨ ਅਤੇ ਮੰਡਲੀ ਉਨ੍ਹਾਂ ਨੂੰ ਖ਼ੁਸ਼ੀ ਨਾਲ ਕਬੂਲ ਕਰ ਰਹੀ ਸੀ। ਹਰ ਮੈਂਬਰ ਸੁਰੱਖਿਅਤ ਮਹਿਸੂਸ ਕਰਦਾ ਸੀ ਜੋ ਇਕ ਬਰਾਦਰੀ ਵੱਲੋਂ ਦਿੱਤੀ ਸੁਰੱਖਿਆ ਨਾਲ ਹੀ ਹੋ ਸਕਦਾ ਸੀ।

ਖ਼ੁਦਾ ਦੇ ਪਰਿਵਾਰ ਦੀ ਇਹ ਮੰਡਲੀ ਪ੍ਰਾਰਥਨਾ ਉਸਤਤ ਸਿੱਖਿਆ, ਸੰਗਤ ਅਤੇ ਪ੍ਰਭੂ ਭੋਜ ਦੇ

ਰਾਹੀਂ ਬੰਦਗੀ ਵਿਚ ਲੱਗੀ ਰਹਿੰਦੀ ਸੀ (ਰਸੂਲਾਂ ਦੇ ਕੰਮ 2:42)। ਉਹ ਆਪਣੇ ਸੁਰਗੀ ਪਿਤਾ ਦੀ ਉਸਤਤ ਕਰਦੇ ਸਨ, ਕਿਰਪਾ ਦੇ ਉਸ ਦਾਨ ਨੂੰ ਸਮਝਦੇ ਸਨ ਜੋ ਉਨ੍ਹਾਂ ਦੇ ਵੱਡੇ ਭਰਾ ਯਿਸੂ ਮਸੀਹ ਦੇ ਰਾਹੀਂ ਦਿੱਤਾ ਗਿਆ ਸੀ ਅਤੇ ਮਨ ਦੀ ਇਕਾਗਰਤਾ ਵਿਚ ਰਹਿੰਦੇ ਸਨ। ਉਹ ਕਲੀਸੀਆ ਦੇ ਬਰਾਦਰਾਨਾ ਜ਼ਿੰਦਗੀ ਦੀ ਸੁਰੱਖਿਆ, ਇਸ ਜ਼ਿੰਦਗੀ ਲਈ ਪਰਉਪਕਾਰੀ ਸੰਭਾਲ ਅਤੇ ਆਉਣ ਵਾਲੇ ਸੰਸਾਰ ਵਿਚ ਯਿਸੂ ਵੱਲੋਂ ਅਬਦੀ ਜ਼ਿੰਦਗੀ ਦੀ ਉਮੀਦ ਦਾ ਅਨੰਦ ਲੈਂਦੇ ਸਨ।

ਕਈ ਸਾਲ ਪਹਿਲਾਂ ਇਕ ਛੋਟੀ ਮੰਡਲੀ ਲਈ ਇਕ ਹਫ਼ਤੇ ਤਕ ਪ੍ਰਚਾਰ ਕਰਦੇ ਹੋਏ, ਮੈਂ ਇਕ ਛੋਟੇ ਪਹੀਆਂ ਵਾਲੇ ਘਰ ਤੇ ਧਿਆਨ ਦੁਆਇਆ ਜਿਸਨੂੰ ਕਲੀਸੀਆ ਦੇ ਪ੍ਰਾਰਥਨਾ ਭਵਨ ਤੋਂ ਥੋੜ੍ਹਾ ਅਗਾਂਹ ਕਰਕੇ ਕਲਾਸ ਰੂਮ ਲਈ ਰੱਖ ਲਿਆ ਗਿਆ ਹੋਵੇਗਾ। ਮੈਂ ਇਕ ਮੈਂਬਰ ਤੋਂ ਪੁੱਛਿਆ, ''ਤੁਹਾਡਾ ਇਹ ਪਹੀਆਂ ਵਾਲਾ ਘਰ ਇੱਥੇ ਕਿਉਂ ਰੱਖਿਆ ਗਿਆ ਹੈ?'' ਉਸ ਮੈਂਬਰ ਨੇ ਹੱਸਦਿਆਂ-ਹੱਸਦਿਆਂ ਦੱਸਿਆ, ''ਇਹ ਸਾਡੀ ਵਿਧਵਾ ਲਈ ਹੈ।'' ਉਸਨੇ ਅੱਗੇ ਆਖਿਆ, ''ਕੁਝ ਸਮਾਂ ਪਹਿਲਾਂ ਮੰਡਲੀ ਦੇ ਮਸੀਹੀ ਦੀ ਮੌਤ ਹੋ ਗਈ ਸੀ, ਉਸਦੀ ਪਤਨੀ ਇਕੱਲੀ ਰਹਿ ਗਈ ਸੀ। ਉਹ ਪਰੇਸ਼ਾਨ ਸੀ, ਉਹਨੂੰ ਸਮਝ ਨਹੀਂ ਆ ਰਹੀ ਸੀ ਕੀ ਕਰੇ। ਇਸ ਲਈ ਅਸੀਂ ਇਸ ਛੋਟੇ ਪਹੀਆਂ ਵਾਲੇ ਘਰ ਨੂੰ ਪ੍ਰਾਰਥਨਾ ਭਵਨ ਦੇ ਨੇੜੇ ਲੈ ਆਂਦਾ ਹੈ। ਅਸੀਂ ਇਹ ਘਰ ਉਸਨੂੰ ਰਹਿਣ ਲਈ ਦੇ ਦਿੱਤਾ ਹੈ।'' ਇਸ ਮੈਂਬਰ ਦੀ ਗੱਲ ਸੁਣ ਕੇ ਮੈਂ ਸੋਚਣ ਲੱਗਾ, ''ਅਜਿਹੀ ਚੰਗੀ ਸੰਭਾਲ ਅਤੇ ਮੈਂਬਰਾਂ ਦੀ ਫ਼ਿਕਰ ਤਾਂ ਖ਼ੁਦਾ ਦੇ ਪਰਿਵਾਰ ਵਿਚ ਹੀ ਹੋਣੀ ਚਾਹੀਦੀ ਹੈ।''

## ਸਾਰ

ਭਲਾ ਤੁਸੀਂ ਖ਼ੁਦਾ ਦੇ ਪਰਿਵਾਰ ਦੇ ਮੈਂਬਰ ਨਹੀਂ ਬਣਨਾ ਚਾਹੁੰਦੇ? ਭਲਾ ਤੁਸੀਂ ਮਹਿਸੂਸ ਕਰਦੇ ਹੋ ਕਿ ਜਦ ਤਕ ਤੁਸੀਂ ਖ਼ੁਦਾ ਦੇ ਪਰਿਵਾਰ ਭਾਵ ਕਲੀਸੀਆ ਵਿਚ ਨਹੀਂ ਆਉਂਦੇ, ਤਦ ਤਕ ਤੁਹਾਡੀ ਜ਼ਿੰਦਗੀ ਸੰਪੂਰਨ ਨਹੀਂ ਹੋ ਸਕਦੀ? ਉਸਦੇ ਪਰਿਵਾਰ ਦੇ ਬਾਹਰ ਤੁਹਾਨੂੰ ਰੂਹਾਨੀ ਸਥਿਰਤਾ, ਹਿਫ਼ਾਜ਼ਤ, ਮੰਜ਼ੂਰੀ ਅਤੇ ਪਛਾਣ ਨਹੀਂ ਮਿਲੇਗੀ ਜੋ ਸਿਰਫ਼ ਉਹਦੇ ਪਰਿਵਾਰ ਦੇ ਜੀਅ ਹੋਣ ਤੇ ਹੀ ਮਿਲ ਸਕਦੀ ਹੈ।

ਅਨਾਥ ਹੋਣ ਦੇ ਖ਼ਿਆਲ ਨਾਲ ਹੀ ਹਰ ਬੱਚਾ ਕੰਬ ਜਾਂਦਾ ਹੈ ਅਤੇ ਜੁਆਨ ਦਾ ਦਿਲ ਕਿਸੇ ਅਨਾਥ ਨੂੰ ਵੇਖ ਕੇ ਦਰਦ ਨਾਲ ਪੁਕਾਰ ਉੱਠਦਾ ਹੈ। ਅਨਾਥ ਹੋਣਾ ਕੋਈ ਨਹੀਂ ਚਾਹੁੰਦਾ, ਅਤੇ ਕੋਈ ਵੀ ਕਿਸੇ ਨੂੰ ਅਨਾਥ ਨਹੀਂ ਵੇਖਣਾ ਚਾਹੁੰਦਾ। ਅਸੀਂ ਮਿਲ ਕੇ ਵੀ ਜ਼ਿੰਦਗੀ ਦੀਆਂ ਜ਼ਾਲਮ ਹਾਲਤਾਂ ਜਾਂ ਇਨਸਾਨੀ ਅਨਿਆਂ ਦੇ ਰਾਹੀਂ ਬੱਚਿਆਂ ਦਾ ਅਨਾਥ ਹੋਣਾ ਨਹੀਂ ਸਹਿ ਸਕਦਾ, ਅਸੀਂ ਸਿਰਫ਼ ਐਨਾ ਕਰ ਸਕਦੇ ਹਾਂ ਕਿ ਅਨਾਥਾਂ ਕੋਲ਼ ਪਿਆਰ, ਹਮਦਰਦੀ ਅਤੇ ਮਦਦ ਲੈ ਕੇ ਜਾਈਏ। ਪਰ ਰੂਹਾਨੀ ਤੌਰ ਤੇ ਕਿਸੇ ਨੂੰ ਵੀ ਅਨਾਥ ਹੋਣ ਦੀ ਲੋੜ ਨਹੀਂ ਹੈ। ਇੰਜੀਲ ਨੂੰ ਮੰਨ ਕੇ ਕੋਈ ਵੀ ਖ਼ੁਦਾ ਦੇ ਪਰਿਵਾਰ ਵਿਚ ਆ ਸਕਦਾ ਹੈ। ਉਸਨੂੰ ਬੱਚਿਆਂ ਦੇ ਰੂਪ ਵਿਚ ਗੋਦ ਲਿਆ ਜਾ ਸਕਦਾ ਹੈ ਅਤੇ ਦੂਜੇ ਸਭ ਬੱਚਿਆਂ ਵਾਂਗ ਉਹ ਪਿਆਰਾ ਪੁੱਤਰ ਹੋਣ ਦਾ ਹੱਕ ਪਾ ਸਕਦਾ ਹੈ।

ਖ਼ੁਦਾ ਦੇ ਪਰਿਵਾਰ ਵਿਚ ਆਉਣ ਨਾਲ ਸਾਨੂੰ ਰੂਹਾਨੀ ਜਨਮ ਲੈਣ ਨਾਲ ਮਿਲਦਾ ਹੈ। ਯਿਸੂ ਨੇ ਕਿਹਾ ਸੀ, ''ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀਂ ਸਕਦਾ'' (ਯੂਹੰਨਾ 3:5)। ਮਸੀਹ ਤੇ ਈਮਾਨ ਲਿਆਉਣ ਲਈ (ਯੂਹੰਨਾ 8:24), ਪਾਪਾਂ ਤੋਂ ਤੌਬਾ ਕਰਨ ਲਈ (ਰਸੂਲਾਂ ਦੇ ਕੰਮ 17:30)। ਮਸੀਹ ਨੂੰ ਪ੍ਰਭੂ ਦੇ ਰੂਪ ਵਿਚ ਯਿਸੂ ਨੂੰ ਅਪਨਾਉਣ ਲਈ (ਰੋਮੀਆਂ 10:10) ਅਤੇ ਮਸੀਹ 'ਚ ਬਪਤਿਸਮਾ ਲੈਣ ਲਈ (1 ਕੁਰਿੰਥੀਆਂ 12:13) ਖ਼ੁਦਾ ਦੇ ਵਚਨ ਦੇ ਰਾਹੀਂ ਉਸਦਾ ਆਤਮਾ ਸਾਡੀ ਰਹਿਨੁਮਾਈ ਕਰਦਾ ਹੈ।

ਪਤਰਸ ਆਖਦਾ ਹੈ, ''ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਸਥਿਰ ਹੈ, ਨਵੇਂ ਸਿਰਿਓਂ ਜਨਮੇ ਹੋ'' (1 ਪਤਰਸ 1:23)।

ਖ਼ੁਦਾ ਉਨ੍ਹਾਂ ਲੋਕਾਂ ਨੂੰ ਆਪਣੇ ਬੱਚਿਆਂ ਦੇ ਰੂਪ ਵਿਚ ਕਬੂਲ ਕਰਦਾ ਹੈ ਜੋ ਪਾਣੀ ਅਤੇ ਆਤਮਾ ਨਾਲ ਜਨਮ ਲੈਂਦੇ ਹਨ। ਉਹ ਉਨ੍ਹਾਂ ਨੂੰ ਆਪਣਾ ਆਤਮਾ (ਗਲਾਤੀਆਂ 4:6), ਰੂਹਾਨੀ ਪਰਿਵਾਰ ਦੀਆਂ ਬਰਕਤਾਂ (ਅਫ਼ਸੀਆਂ 1:3), ਆਪਣੀ ਅਬਦੀ ਮੀਰਾਸ (ਅਫ਼ਸੀਆਂ 1:11) ਦਿੰਦਾ ਹੈ। ਨਤੀਜੇ ਵਜੋਂ ਖ਼ੁਦਾ ਦੀ ਸੰਤਾਨ ਨੂੰ ਆਪਸੀ ਸਬੰਧ ਸੁਰੱਖਿਆ ਮੰਜ਼ੂਰੀ ਅਤੇ ਪਛਾਣ ਦਾ ਅਹਿਸਾਸ ਰਹਿੰਦਾ ਹੈ।

ਕੀ ਤੁਸੀਂ ਮਸੀਹ ਵਿਚ ਖ਼ੁਦਾ ਦੀ ਸੰਤਾਨ ਬਣ ਗਏ ਹੋ?

## ਅਧਿਐਨ ਅਤੇ ਚਰਚਾ ਲਈ ਸਵਾਲ

1. ਉਹ ਕਿਹੜੀਆਂ-ਕਿਹੜੀਆਂ ਖ਼ੁਸ਼ੀਆਂ ਹਨ ਜੋ ਘਰ ਹੋਣ ਕਰਕੇ ਤੁਹਾਨੂੰ ਮਿਲੀਆਂ ਹਨ।
2. ਖ਼ੁਦਾ ਦੇ ਪਰਿਵਾਰ ਵਿਚ ਆਉਣ ਦਾ ਢੰਗ ਦੱਸੋ?
3. ਖ਼ੁਦਾ ਸਾਨੂੰ ਆਪਣੇ ਬੱਚਿਆਂ ਦੇ ਰੂਪ ਵਿਚ ਕਦੋਂ ਗੋਦ ਲੈਂਦਾ ਹੈ?
4. ਉਨ੍ਹਾਂ ਜ਼ਰੂਰੀ ਲੋੜਾਂ ਦੀ ਸੂਚੀ ਬਣਾਓ ਜੋ ਹਰ ਇਨਸਾਨ ਦੀਆਂ ਹਨ ਅਤੇ ਬਿਆਨ ਕਰੋ ਕਿ ਪਰਿਵਾਰ ਵਿਚ ਉਹ ਲੋੜਾਂ ਕਿਵੇਂ ਪੂਰੀਆਂ ਹੁੰਦੀਆਂ ਹਨ।
5. ਸਾਡੀਆਂ ਰੂਹਾਨੀ ਲੋੜਾਂ ਦੇ ਨਾਲ ਜ਼ਰੂਰੀ ਦੁਨਿਆਵੀ ਲੋੜਾਂ ਦੀ ਤੁਲਨਾ ਕਰੋ।
6. ਉਸ ਰੂਹਾਨੀ ਪਰਿਵਾਰ ਦਾ ਬਿਆਨ ਕਰੋ ਜਿਸਦਾ ਇਕ ਮਸੀਹੀ ਆਦਮੀ ਹਿੱਸਾ ਹੈ।
7. ਖ਼ੁਦਾ ਦੇ ਪਰਿਵਾਰ ਵਿਚ ਸਾਨੂੰ ਰੂਹਾਨੀ ਪਛਾਣ ਕਿਵੇਂ ਮਿਲਦੀ ਹੈ?
8. ਖ਼ੁਦਾ ਦਾ ਪਰਿਵਾਰ ਸਾਨੂੰ ਰੂਹਾਨੀ ਸਬੰਧਾਂ ਦਾ ਅਹਿਸਾਸ ਕਿਵੇਂ ਕਰਵਾਉਂਦਾ ਹੈ?
9. ਖ਼ੁਦਾ ਦੇ ਪਰਿਵਾਰ ਵਿਚ ਸਾਨੂੰ ਰੂਹਾਨੀ ਪਛਾਣ ਕਿਵੇਂ ਮਿਲਦੀ ਹੈ?
10. ਖ਼ੁਦਾ ਦੇ ਪਰਿਵਾਰ ਵਿਚ ਸਾਨੂੰ ਰੂਹਾਨੀ ਮੰਜ਼ੂਰੀ ਦਾ ਅਹਿਸਾਸ ਕਿਵੇਂ ਹੁੰਦਾ ਹੈ?
11. ਇਹ ਵਿਖਾਉਣ ਲਈ ਕਿ ਕਲੀਸੀਆ ਸਾਡੀਆਂ ਰੂਹਾਨੀ ਲੋੜਾਂ ਕਿਵੇਂ ਪੂਰੀਆਂ ਕਰਦੀ ਹੈ, ਯਰੂਸ਼ਲਮ ਦੀ ਕਲੀਸੀਆ ਇਕ ਮਿਸਾਲ ਕਿਵੇਂ ਹੈ।
12. ਕੀ ਕੋਈ ਖ਼ੁਦਾ ਦੇ ਰੂਹਾਨੀ ਪਰਿਵਾਰ ਵਿਚ ਸ਼ਾਮਿਲ ਹੋਏ ਬਗ਼ੈਰ ਸਿੱਧ ਬਣ ਸਕਦਾ ਹੈ?
13. ਕੀ ਖ਼ੁਦਾ ਦੇ ਪਰਿਵਾਰ ਦੇ ਬਾਹਰ ਕੋਈ ਇਨਸਾਨ ਅਨਾਥ ਹੈ?
14. ਉਹ ਕਿਹੜੀਆਂ-ਕਿਹੜੀਆਂ ਬਰਕਤਾਂ ਹਨ ਜੋ ਖ਼ਾਸ ਕਰ ਤੁਹਾਨੂੰ ਖ਼ੁਦਾ ਦੇ ਪਰਿਵਾਰ ਵਿਚ ਮਿਲੀਆਂ ਹਨ।